# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ(ਐਲੀ.ਸਿ),ਪੰਜਾਬ,ਐਸ.ਏ.ਐਸ.ਨਗਰ।

ਸੇਵਾ ਵਿਖੇ

ਰਾਜ ਦੇ ਸਮੂਹ,
ਜਿਲ੍ਹਾ ਸਿੱਖਿਆ ਅਫਸਰ(ਐਲੀ.ਸਿ)
ਪੰਜਾਬ।

Mail

ਮੀਮੋ ਨੰ:04/50-2017-ਅਮਲਾ-1(1)/9215
ਮਿਤੀ:ਐਸ.ਏ.ਐਸ.ਨਗਰ 20-09-2017

ਵਿਸ਼ਾ: **ਸਿਵਲ ਰਿੱਟ ਪਟੀਸ਼ਨ ਨੰਬਰ;- 8884/2016-ਕਿਰਨ ਸ਼ਰਮਾਂ ਅਤੇ ਹੋਰ ਪੰਜਾਬ ਸਰਕਾਰ, 17640/2015,8713/2017,9804/2017,19144/2015,19946/2015,10344/2017 ਅਤੇ 20544/2016**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਸ਼ਾ ਅੰਕਿਤ ਕੇਸਾਂ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਸੀਨੀਅਰ ਕਰਮਚਾਰੀਆਂ ਦੀ ਤਨਖਾਹ ਉਨ੍ਹਾਂ ਦੇ ਜੂਨੀਅਰ ਕਰਮਚਾਰੀਆਂ ਦੇ ਬਰਾਬਰ ਫਿਕਸ ਕਰਨ ਦੀ ਹਦਾਇਤ ਕੀਤੀ ਗਈ ਹੈ। ਇਨ੍ਹਾਂ ਕਰਮਚਾਰੀਆਂ ਦੀ ਭਰਤੀ ਸਾਲ 2006 ਅਤੇ 2007 ਵਿੱਚ ਜਿਲ੍ਹਾ ਪ੍ਰੀਸ਼ਦਾਂ ਵੱਲੋਂ ਕੀਤੀ ਗਈ ਸੀ। ਇਹ ਕਰਮਚਾਰੀ ਹੁਣ ਮਿਤੀ 19-9-2014 ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਨੋਟੀਫਿਕੇਸ਼ਨ ਰਾਹੀਂ ਸਿੱਖਿਆ ਵਿਭਾਗ ਵਿੱਚ ਸਰਕਾਰ ਵੱਲੋਂ ਮਰਜ ਕੀਤੇ ਗਏ।ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਕੁਝ ਅਧਿਆਪਕ ਸਾਲ 2006 ਵਿੱਚ ਅਤੇ ਕੁਝ ਅਧਿਆਪਕ ਸਾਲ 2007 ਵਿੱਚ ਜ਼ਿਲਾ ਪ੍ਰੀਸ਼ਿਦ/ ਮਿਊਸਪਲ ਕਾਰਪੋਰੇਸ਼ਨ/ ਕੌਂਸਲਾਂ ਵਿਖੇ ਭਰਤੀ ਹੋਏ ਸਨ।ਇਨ੍ਹਾ ਦੇ ਤਨਖਾਹ ਅਨਾਮਲੀ ਸਬੰਧੀ ਵੇਰਵੇ ਹੇਠ ਅਨੁਸਾਰ ਹਨ:-

1) ਜੋ ਅਧਿਆਪਕ ਸਾਲ 2006 ਵਿਚ ਭਰਤੀ ਹੋਏ ਸਨ, ਉਨ੍ਹਾਂ ਨੂੰ ਉਸ ਸਮੇਂ 5910-20200+3000 ਦੇ ਗ੍ਰੇਡ ਵਿੱਚ ਮੁਢਲੀ ਤਨਖਾਹ 8470+3000= 11470 ਦਿੱਤੀ ਗਈ ਸੀ ਅਤੇ ਇਨ੍ਹਾਂ ਨੂੰ 4 ਸਾਲ ਦੀ ਸੇਵਾ ਪੂਰੀ ਹੋਣ ਤੇ ਏ.ਸੀ.ਪੀ. ਸਕੀਮ ਅਧੀਨ ਲਾਭ ਦੇਣ ਉਪਰੰਤ 10300-34800+3200 ਦਾ ਗ੍ਰੇਡ ਅਵਾਰਡ ਕਰਨ ਤੇ ਇਨ੍ਹਾ ਦੀ ਤਨਖਾਹ 13500/- ਫਿਕਸ ਕੀਤੀ ਗਈ ਸੀ। ਮਿਤੀ 1-10-2011 ਤੋਂ ਸਰਕਾਰ ਵੱਲੋਂ ਈ.ਟੀ.ਟੀ. ਅਧਿਆਪਕਾਂ ਨੂੰ 10300-34800+4200 ਦਾ ਗ੍ਰੇਡ ਦਿੱਤਾ ਗਿਆ ਜਿਸ ਦੀ ਮੁਢਲੀ ਤਨਖਾਹ 12090+4200= 16290/-ਰੁਪਏ ਹੋਣ ਕਾਰਨ ਇਨ੍ਹਾਂ ਟੀਚਰਾਂ ਦੀ ਤਨਖਾਹ 1-10-2011 ਨੂੰ 12090+4200= 16290/- ਰੁਪਏ ਫਿਕਸ ਹੋ ਗਈ ਅਤੇ ਅਗਲੀ ਸਲਾਨਾ ਤਰੱਕੀ ਮਿਤੀ 1-10-2012 ਨੂੰ ਲਗਾਈ ਗਈ।

2 ਇਸੇ ਤਰ੍ਹਾਂ ਜੋ ਅਧਿਆਪਕ 1-10-2007 ਤੋਂ ਬਾਅਦ ਵਿੱਚ ਭਰਤੀ ਹੋਏ ਉਨ੍ਹਾਂ ਨੂੰ ਉਸ ਸਮੇਂ 5910-20200+3000 ਦੇ ਗ੍ਰੇਡ ਵਿੱਚ 8470+3000= 11470/- ਰੁਪਏ ਤਨਖਾਹ ਦਿੱਤੀ ਗਈ ਸੀ। ਮਿਤੀ 1-10-2011 ਤੋਂ ਸਰਕਾਰ ਵੱਲੋਂ ਈ.ਟੀ.ਟੀ. ਅਧਿਆਪਕਾਂ ਨੂੰ 10300-34800+4200 ਦਾ ਗ੍ਰੇਡ ਦਿੱਤਾ ਗਿਆ ਜਿਸ ਦੀ ਮੁਢਲੀ ਤਨਖਾਹ 12090+4200= 16290/-ਰੁਪਏ ਹੋਣ ਕਾਰਨ ਇਨ੍ਹਾਂ ਟੀਚਰਾਂ ਦੀ ਤਨਖਾਹ 1-10-2011 ਨੂੰ 12090+4200= 16290/- ਰੁਪਏ ਫਿਕਸ ਹੋ ਗਈ ਅਤੇ ਅਗਲੀ ਸਲਾਨਾ ਤਰੱਕੀ ਮਿਤੀ 1-10-2012 ਨੂੰ ਲਗਾਈ ਗਈ। ਇਨ੍ਹਾਂ ਕਰਮਚਾਰੀਆਂ ਦੇ 4 ਸਾਲ ਮਿਤੀ 1-10-2011 ਤੋਂ ਬਾਅਦ ਪੂਰੇ ਹੋਣ ਕਾਰਨ ਇਨ੍ਹਾਂ ਨੂੰ ਏ.ਸੀ.ਪੀ. ਸਕੀਮ ਅਧੀਨ 10300-34800+4200 ਦੇ ਗ੍ਰੇਡ ਵਿੱਚ ਇੱਕ ਤਰੱਕੀ ਦਾ ਲਾਭ ਦਿੰਦੇ ਹੋਏ ਏ.ਸੀ.ਪੀ. ਦੇਣ ਕਾਰਨ ਇਨ੍ਹਾਂ ਦੀ ਤਨਖਾਹ 12580+4200= 16780/- ਰੁਪਏ ਫਿਕਸ ਹੋ ਗਈ ਹੈ।

ਉਕਤ ਸਥਿਤੀ ਸਾਲ 2006 ਵਿਚ ਭਰਤੀ ਹੋਏ ਅਧਿਆਪਕਾਂ ਦੀ ਤਨਖਾਹ ਮਿਤੀ 1-10-2011 ਤੋਂ ਬਾਅਦ ਸਾਲ 2007 ਵਿੱਚ ਭਰਤੀ ਹੋਏ ਅਧਿਆਪਕਾਂ ਤੋਂ ਘੱਟ ਰਹਿ ਗਈ ਹੈ।

ਇਸ ਸਬੰਧੀ ਇਹਨਾਂ 2006 ਵਿੱਚ ਨਿਯੁਕਤ ਹੋਏ ਅਧਿਆਪਕਾਂ ਵੱਲੋਂ ਮਾਨਯੋਗ ਹਾਈ ਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ 12023/2015 ਦਾਇਰ ਕੀਤੀ ਗਈ। ਮਾਨਯੋਗ ਹਾਈ ਕੋਰਟ ਵਲੋਂ ਇਸ ਪਟੀਸ਼ਨ ਦਾ ਫੈਸਲਾ ਮਿਤੀ 29/5/2015 ਨੂੰ ਕਰਦੇ ਹੋਏ ਪਟੀਸ਼ਨਰਾਂ ਦਾ ਕਲੇਮ ਉਹਨਾਂ ਵਲੋ ਦਿੱਤੀ ਗਈ ਪ੍ਰਤੀ ਬੇਨਤੀ ਦਾ ਨਿਪਟਾਰਾ ਤਿੰਨ ਮਹੀਨੇ ਦੇ ਅੰਦਰ-ਅੰਦਰ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਜਿਲ੍ਹਾ ਪ੍ਰੀਸ਼ਦ ਵਲੋਂ ਕੁਝ ਬਲਾਕਾਂ ਨਾਲ ਸਬੰਧਤ ਅਧਿਆਪਕਾਂ ਦੇ ਪੇਅ ਅਨਾਮਲੀ ਦੂਰ ਕਰਨ ਉਪਰੰਤ ਨਿਯਮਾਂ ਅਨੁਸਾਰ ਸੀਨੀਅਰ ਅਧਿਆਪਕਾਂ ਦੀ ਤਨਖਾਹ ਜੂਨੀਅਰ ਅਧਿਆਪਕਾਂ ਦੀ ਬਰਾਬਰ ਫਿਕਸ ਕੀਤੀ ਗਈ। ਪ੍ਰੰਤੂ ਕੁਝ ਅਧਿਆਪਕਾਂ ਦੀ ਪੇਅ ਅਨਾਮਲੀ ਦੂਰ ਨਾ ਕਰਨ ਕਾਰਨ ਇਹਨਾਂ ਅਧਿਆਪਕਾਂ ਵਲੋਂ ਵੱਖ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ, ਜਿੰਨ੍ਹਾਂ ਵਿਚ ਮਾਨਯੋਗ ਹਾਈ ਕੋਰਟ ਵਲੋਂ ਪਟੀਸ਼ਨਰਾਂ ਦੇ ਕਲੇਮ ਸਿਵਲ ਰਿੱਟ ਪਟੀਸਨ ਨੰ: 12023 ਆਫ 2015 ਦੀ ਟਰਮ ਵਿੱਚ ਕਰਦੇ ਹੋਏ ਪਟੀਸਨਰਾਂ ਦੇ ਕਲੇਮ ਦਾ ਤੁਰੰਤ ਨਿਪਟਾਰਾ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਸਮੇਂ ਸਿਰ ਫੈਸਲਾ ਨਾ ਕਰਨ ਕਾਰਨ ਕੁਝ ਪਟੀਸ਼ਨਰਾਂ ਵਲੋ ਮਾਨਯੋਗ ਹਾਈ ਕੋਰਟ ਵਿਚ ਕੰਟੈਪਟ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ, ਜੋ ਕਿ ਮਾਨਯੋਗ ਹਾਈ ਕੋਰਟ ਦੇ ਵਿਚਾਰ ਅਧੀਨ ਹਨ। ਇਥੇ ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਪੇਅ ਅਨਾਮਲੀ ਜਿਲ੍ਹਾ ਪ੍ਰੀਸ਼ਦ ਵੱਲੋਂ ਸਾਲ 2006 ਅਤੇ 2007 ਵਿੱਚ ਨਿਯੁਕਤ ਕੀਤੇ ਗਏ ਈ.ਟੀ.ਟੀ. ਅਧਿਆਪਕਾਂ ਵਿਚਕਾਰ ਹੈ।

ਇਸ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਇਨ੍ਹਾਂ ਦੇ ਪੱਤਰ ਨੰ: 6/46/2010-1ਵਿ.ਪ੍ਰ.2/322892/1 ਮਿਤੀ: 13-10-2014 ਨੂੰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਇਨ੍ਹਾਂ ਸਾਲ 2006 ਵਿੱਚ ਨਿਯੁਕਤ ਅਧਿਆਪਕਾਂ ਦੀ ਤਨਖਾਹ ਸਾਲ 2007 ਵਿੱਚ ਭਰਤੀ ਹੋਏ ਅਧਿਆਪਕਾਂ ਦੇ ਬਰਾਬਰ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਇਸ ਪੱਤਰ ਰਾਹੀਂ ਇਹ ਵੀ ਸਪਸਟ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਦੀ ਸੀਨੀਅਰ ਜੂਨੀਅਰ ਦਾ ਲਾਭ ਦਿੰਦੇ ਸਮੇਂ ਬਕਾਇਆ ਕਰਮਚਾਰੀਆਂ ਵੱਲੋਂ ਅਰਜੀ ਦੇਣ ਦੀ ਮਿਤੀ ਤੋਂ 38 ਮਹੀਨੇ ਪਹਿਲੇ ਤੋਂ ਦੇਣਾ ਬਣਦਾ ਹੈ। ਇਹ ਲਾਭ ਕੇਵਲ ਜਿਲ੍ਹਾ ਪ੍ਰੀਸ਼ਦਾਂ ਅਤੇ ਮਿਊਨੀਸਪਲ ਕਾਰਪੋਰੇਸ਼ਨਾਂ ਅਧੀਨ ਨਿਯੁਕਤ ਹੋਏ ਈ.ਟੀ.ਟੀ. ਅਧਿਆਪਕਾਂ ਨੂੰ ਹੀ ਦੇਣਾ ਬਣਦਾ ਹੈ। ਸਬੰਧਤ ਜਿਲ੍ਹਾ ਸਿੱਖਿਆ ਅਫਸਰ ਇਹ ਲਾਭ ਦੇਣ ਤੋਂ ਪਹਿਲਾਂ ਸੀਨੀਅਰ ਕਰਮਚਾਰੀ ਦੀ ਤਨਖਾਹ ਦੇ ਵੇਰਵਿਆਂ ਦਾ ਉਸ ਵੱਲੋਂ ਦਿੱਤੇ ਗਏ ਜੂਨੀਅਰ ਕਰਮਚਾਰੀਆਂ ਦੇ ਵੇਰਵਿਆਂ ਦਾ ਮਿਲਾਣ ਚੰਗੀ ਤਰ੍ਹਾ ਕਰਨ ਉਪਰੰਤ ਸਰਕਾਰ ਵੱਲੋਂ ਮਿਤੀ: 13-10-2014 ਨੂੰ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕਰਨਗੇ। ਇਸ ਰੀ ਫਿਕਸੇਸਨ ਦੌਰਾਨ ਜੇਕਰ ਕਿਸੇ ਕਰਮਚਾਰੀ ਨੂੰ ਨਿਯਮਾਂ/ਹਦਾਇਤਾਂ ਨੂੰ ਨਜਰਅੰਦਾਜ ਕਰਕੇ ਕੋਈ ਲਾਭ ਦਿੱਤਾ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ। ਇਨ੍ਹਾਂ ਵਿਸ਼ਾ ਅੰਕਿਤ ਪਟੀਸਨਾਂ ਵਿੱਚ ਦਰਜ ਸਾਰੇ ਪਟੀਸ਼ਨਾਂ ਦਾ ਨਿਪਟਾਰਾ ਤੁਰੰਤ ਕਰਨ ਉਪਰੰਤ ਪਾਲਣਾ ਰਿਪੋਰਟ ਇਸ ਦਫਤਰ ਨੂੰ ਮਿਤੀ: 05-10-2017 ਤੱਕ ਹਰ ਹਾਲਤ ਵਿੱਚ ਭੇਜੀ ਜਾਵੇ ਤਾਂ ਜੋ ਵਿਸ਼ਾ ਅੰਕਿਤ ਕੇਸਾਂ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਕੀਤੇ ਹੁਕਮਾਂ ਦੀ ਪਾਲਣਾ ਕੀਤੀ ਜਾ ਸਕੇ। ਇਨ੍ਹਾਂ ਕੇਸਾਂ ਵਿੱਚ ਕਿਸੇ ਕਿਸਮ ਦੀ ਅਣਗਹਿਲੀ/ਦੇਰੀ ਦੀ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਦੀ ਨਿੱਜੀ ਹੋਵੇਗੀ।

20/9/17

ਸਹਾਇਕ ਡਾਇਰੈਕਟਰ(ਅਮਲਾ-1)